# BABA FARID UNIVERSITY OF HEALTH SCIENCES, FARIDKOT

(Admission Branch)

**Dated 18.08.2026**

## Schedule of 3rd Round Online Counseling for admission to B.Sc. Nursing Course under (PPMET-2026),Session-2026

| Sr. No. | Event | Date |
|---|---|---|
| 1 | Surrender of seat by candidates at the respective college | 21.09.2026 |
| 2 | Display of Tentative vacancy position of Seats | 22.09.2026 |
| 3 | Last date for **obtaining Eligibility Certificate** by candidates seeking admission under NRI/Foreign National Candidates. Procedure to obtain Eligibility certificate is available on the University website. | 22.09.2026 |
| 4 | All PPMET-2026 (qualified ) candidates of Punjab and Other State will submit online preferences of colleges/category/Quota through University website www.bfuhs.ac.in | 21.09.2026 to 23.09.2026 |
| 5 | Display of provisional allotment/result | 25.09.2026 |
| 6 | Candidates, to whom seats will be allocated, will report to the respective allotted college for joining, checking of documents/ eligibility, Medical Checkup and will deposit fee through online payment gateway available at University website. | 26.09.2026 to 30.09.2026 upto 02:00 PM |

**IMPORTANT INSTRUCTIONS FOR CANDIDATES (ਉਮੀਦਵਾਰਾਂ ਲਈ ਮਹੱਤਵਪੂਰਨ ਹਦਾਇਤਾਂ)**

1. **Surrender of Seat by Candidates Admitted in 1st Round:**

   Candidates who have joined a seat allotted during the 1st and 2nd Round of Counseling and wish to surrender their allotted seat may **surrender the same at the respective college up to 21.09.2026**. Such candidates shall be eligible to participate in the 3rd Round of Online Counseling.

   **ਪਹਿਲੀ ਅਤੇ ਦੂਸਰੇ ਰਾਊਂਡ ਵਿੱਚ ਦਾਖਲਾ ਲੈ ਚੁੱਕੇ ਉਮੀਦਵਾਰਾਂ ਵੱਲੋਂ ਸੀਟ ਸਰੰਡਰ ਕਰਨਾ**: ਜਿਹੜੇ ਉਮੀਦਵਾਰਾਂ ਨੇ ਪਹਿਲੀ ਅਤੇ ਦੂਸਰੇ ਰਾਊਂਡ ਦੀ ਕਾਊਂਸਲਿੰਗ ਦੌਰਾਨ ਅਲਾਟ ਹੋਈ ਸੀਟ 'ਤੇ ਸਬੰਧਤ ਕਾਲਜ ਵਿੱਚ ਜੁਆਇਨ ਕਰ ਲਿਆ ਹੈ ਅਤੇ ਆਪਣੀ ਅਲਾਟ ਹੋਈ ਸੀਟ ਸਰੰਡਰ ਕਰਨਾ ਚਾਹੁੰਦੇ ਹਨ, **ਉਹ ਆਪਣੀ ਸੀਟ ਸਬੰਧਤ ਕਾਲਜ ਵਿਖੇ 21.09.2026 ਤੱਕ ਸਰੰਡਰ ਕਰ ਸਕਦੇ ਹਨ**। ਅਜਿਹੇ ਉਮੀਦਵਾਰ ਤੀਸਰੀ ਰਾਊਂਡ ਦੀ ਆਨਲਾਈਨ ਕਾਊਂਸਲਿੰਗ ਵਿੱਚ ਭਾਗ ਲੈਣ ਦੇ ਯੋਗ ਹੋਣਗੇ।

2. **Filling of Choices/Preferences:**
   Candidates are advised to fill their choices/preferences of **colleges, categories and quotas** as per their order of preference. It is not mandatory for candidates to restrict their choices only to those seats which are reflected in the vacancy position displayed before the 3rd Round of Counselling.

   Candidates may fill choices for colleges/seats which are not shown as vacant in the initial vacancy position, as additional vacancies may arise during the 3rd Round due to:

   i) shifting/upgradation of candidates from one college/category/quota to another;

ii) surrender/vacating of seats by candidates admitted in the 1st and 2nd Round; and
iii) conversion of vacant reserved category seats and NRI seats into Open Merit seats, after exhausting the eligible candidates of the respective reserved category/NRI category.

3. **ਚੋਣਾਂ/ਤਰਜੀਹਾਂ (Choices/Preferences) ਭਰਨਾ**:

ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਪਸੰਦ/ਤਰਜੀਹ ਅਨੁਸਾਰ **ਕਾਲਜਾਂ, ਸ਼੍ਰੇਣੀਆਂ (Categories) ਅਤੇ ਕੋਟਿਆਂ (Quotas)** ਦੀਆਂ ਚੋਣਾਂ ਭਰਨ। ਉਮੀਦਵਾਰਾਂ ਲਈ ਇਹ ਲਾਜ਼ਮੀ ਨਹੀਂ ਹੈ ਕਿ ਉਹ ਆਪਣੀਆਂ ਚੋਣਾਂ ਕੇਵਲ ਉਨ੍ਹਾਂ ਸੀਟਾਂ ਤੱਕ ਹੀ ਸੀਮਤ ਰੱਖਣ ਜੋ ਤੀਸਰੇ ਰਾਊਂਡ ਦੀ ਕਾਊਂਸਲਿੰਗ ਤੋਂ ਪਹਿਲਾਂ ਜਾਰੀ ਕੀਤੀ ਗਈ ਖਾਲੀ ਸੀਟਾਂ ਦੀ ਸਥਿਤੀ (Vacancy Position) ਵਿੱਚ ਦਰਸਾਈਆਂ ਗਈਆਂ ਹਨ।

ਉਮੀਦਵਾਰ ਅਜਿਹੇ ਕਾਲਜਾਂ/ਸੀਟਾਂ ਲਈ ਵੀ ਆਪਣੀਆਂ ਚੋਣਾਂ ਭਰ ਸਕਦੇ ਹਨ ਜੋ ਸ਼ੁਰੂਆਤੀ ਖਾਲੀ ਸੀਟਾਂ ਦੀ ਸਥਿਤੀ ਵਿੱਚ ਦਰਸਾਈਆਂ ਨਹੀਂ ਗਈਆਂ ਹਨ, ਕਿਉਂਕਿ ਤੀਸਰੇ ਰਾਊਂਡ ਦੀ ਕਾਊਂਸਲਿੰਗ ਦੌਰਾਨ ਹੇਠ ਲਿਖੇ ਕਾਰਨਾਂ ਕਰਕੇ ਵਾਧੂ ਸੀਟਾਂ ਖਾਲੀ ਹੋ ਸਕਦੀਆਂ ਹਨ:

i) ਉਮੀਦਵਾਰਾਂ ਦੇ ਇੱਕ ਕਾਲਜ/ਸ਼੍ਰੇਣੀ/ਕੋਟੇ ਤੋਂ ਦੂਜੇ ਕਾਲਜ/ਸ਼੍ਰੇਣੀ/ਕੋਟੇ ਵਿੱਚ ਸ਼ਿਫਟ/ਅੱਪਗ੍ਰੇਡ ਹੋਣ ਕਾਰਨ;
ii) ਪਹਿਲੀ ਅਤੇ ਦੂਜੇ ਰਾਊਂਡ ਵਿੱਚ ਦਾਖਲਾ ਲੈ ਚੁੱਕੇ ਉਮੀਦਵਾਰਾਂ ਵੱਲੋਂ ਸੀਟ ਸਰੰਡਰ/ਖਾਲੀ ਕਰਨ ਕਾਰਨ; ਅਤੇ
iii) ਸਬੰਧਤ ਰਾਖਵੀਂ ਸ਼੍ਰੇਣੀ/NRI ਸ਼੍ਰੇਣੀ ਦੇ ਯੋਗ ਉਮੀਦਵਾਰਾਂ ਨੂੰ ਸੀਟਾਂ ਅਲਾਟ ਕਰਨ ਤੋਂ ਬਾਅਦ ਬਚੀਆਂ ਖਾਲੀ ਰਾਖਵੀਂ ਸ਼੍ਰੇਣੀ ਅਤੇ NRI ਸੀਟਾਂ ਨੂੰ **ਓਪਨ ਮੈਰਿਟ** ਵਿੱਚ ਤਬਦੀਲ ਕਰਨ ਕਾਰਨ।

4. **Upgradation/Shifting of Seats:**

During the 3rd Round of Online Counselling, a candidate may be allotted an upgraded/shifted seat according to his/her merit and choices/preferences. In such a case, the seat allotted in the 1st and 2nd Round shall stand vacated and may become available for allotment to another eligible candidate.

Accordingly, candidates are advised to exercise their choices/preferences carefully and may include all colleges, categories and quotas in which they are willing to take admission, irrespective of whether a vacancy is reflected against such choice at the time of submission of preferences.

**ਸੀਟ ਦੀ ਅੱਪਗ੍ਰੇਡੇਸ਼ਨ/ਸ਼ਿਫਟਿੰਗ:**

ਤੀਸਰੇ ਰਾਊਂਡ ਦੀ ਆਨਲਾਈਨ ਕਾਊਂਸਲਿੰਗ ਦੌਰਾਨ ਉਮੀਦਵਾਰ ਨੂੰ ਉਸ ਦੀ ਮੈਰਿਟ ਅਤੇ ਉਸ ਵੱਲੋਂ ਦਿੱਤੀਆਂ ਚੋਣਾਂ/ਤਰਜੀਹਾਂ ਦੇ ਆਧਾਰ 'ਤੇ ਅੱਪਗ੍ਰੇਡ/ਸ਼ਿਫਟ ਕੀਤੀ ਹੋਈ ਸੀਟ ਅਲਾਟ ਕੀਤੀ ਜਾ ਸਕਦੀ ਹੈ। ਅਜਿਹੀ ਸਥਿਤੀ ਵਿੱਚ ਪਹਿਲੀ ਅਤੇ ਦੂਸਰੇ ਰਾਊਂਡ ਵਿੱਚ ਅਲਾਟ ਕੀਤੀ ਗਈ ਸੀਟ ਖਾਲੀ ਮੰਨੀ ਜਾਵੇਗੀ ਅਤੇ ਉਹ ਸੀਟ ਕਿਸੇ ਹੋਰ ਯੋਗ ਉਮੀਦਵਾਰ ਨੂੰ ਅਲਾਟ ਕੀਤੀ ਜਾ ਸਕਦੀ ਹੈ।

ਇਸ ਲਈ, ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀਆਂ ਚੋਣਾਂ/ਤਰਜੀਹਾਂ ਧਿਆਨ ਨਾਲ ਭਰਨ ਅਤੇ ਉਨ੍ਹਾਂ ਸਾਰੇ ਕਾਲਜਾਂ, ਸ਼੍ਰੇਣੀਆਂ ਅਤੇ ਕੋਟਿਆਂ ਨੂੰ ਆਪਣੀ ਤਰਜੀਹ ਸੂਚੀ ਵਿੱਚ ਸ਼ਾਮਲ ਕਰਨ ਜਿਨ੍ਹਾਂ ਵਿੱਚ ਉਹ ਦਾਖਲਾ ਲੈਣ ਲਈ ਇੱਛੁਕ ਹਨ, ਭਾਵੇਂ ਚੋਣਾਂ/ਤਰਜੀਹਾਂ ਭਰਨ ਸਮੇਂ ਉਸ ਸੀਟ ਦੇ ਵਿਰੁੱਧ ਖਾਲੀ ਅਸਾਮੀ ਦਰਸਾਈ ਗਈ ਹੋਵੇ ਜਾਂ ਨਾ।

5. **Basis of Seat Allotment:**
Seat allotment in the 3rd Round shall be made on the basis of **merit-cum-choice/preference** submitted by the candidate, subject to the availability of seats, applicable reservation policy, eligibility conditions and other rules/instructions governing the counselling process.

**ਸੀਟ ਅਲਾਟਮੈਂਟ ਦਾ ਆਧਾਰ**:

ਤੀਸਰੇ ਰਾਊਂਡ ਵਿੱਚ ਸੀਟਾਂ ਦੀ ਅਲਾਟਮੈਂਟ ਉਮੀਦਵਾਰ ਵੱਲੋਂ ਦਿੱਤੀ ਗਈ **ਮੈਰਿਟ-ਕਮ-ਚੋਇਸ/ਤਰਜੀਹ** ਦੇ ਆਧਾਰ 'ਤੇ ਕੀਤੀ ਜਾਵੇਗੀ, ਜੋ ਕਿ ਸੀਟਾਂ ਦੀ ਉਪਲਬਧਤਾ, ਲਾਗੂ ਰਾਖਵਾਂਕਰਨ ਨੀਤੀ, ਯੋਗਤਾ ਦੀਆਂ ਸ਼ਰਤਾਂ ਅਤੇ ਦਾਖਲਾ ਪ੍ਰਕਿਰਿਆ ਸਬੰਧੀ ਲਾਗੂ ਹੋਰ ਸਰਕਾਰੀ/ਯੂਨੀਵਰਸਿਟੀ ਨਿਯਮਾਂ ਅਤੇ ਹਦਾਇਤਾਂ ਦੇ ਅਧੀਨ ਹੋਵੇਗੀ।

6. **Government and Management Quota:**

As per the Punjab Government Notification, the tuition fee for **Government Quota and Management Quota** seats is the same. Therefore, candidates are advised to submit preferences for **both Government Quota and Management Quota** of the same college.

**ਸਰਕਾਰੀ ਕੋਟਾ ਅਤੇ ਮੈਨੇਜਮੈਂਟ ਕੋਟਾ**:

ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ **ਸਰਕਾਰੀ ਕੋਟਾ ਅਤੇ ਮੈਨੇਜਮੈਂਟ ਕੋਟਾ** ਦੀਆਂ ਸੀਟਾਂ ਦੀ ਟਿਊਸ਼ਨ ਫੀਸ ਇੱਕੋ ਜਿਹੀ ਹੈ। ਇਸ ਲਈ, ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕੋ ਕਾਲਜ ਦੇ **ਸਰਕਾਰੀ ਕੋਟੇ ਅਤੇ ਮੈਨੇਜਮੈਂਟ ਕੋਟੇ** ਦੋਵਾਂ ਲਈ ਆਪਣੀਆਂ ਤਰਜੀਹਾਂ/ਚੋਣਾਂ ਭਰਨ।

7. **Other State Candidates:**
Candidates belonging to other States shall be considered for allotment of seats **after exhausting the eligible candidates of Punjab State**, subject to the applicable rules and availability of seats.

**ਹੋਰ ਰਾਜਾਂ ਦੇ ਉਮੀਦਵਾਰ**:

ਹੋਰ ਰਾਜਾਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬ ਰਾਜ ਨਾਲ ਸਬੰਧਤ ਸਾਰੇ ਯੋਗ ਉਮੀਦਵਾਰਾਂ ਨੂੰ ਵਿਚਾਰਨ/ਸੀਟਾਂ ਅਲਾਟ ਕਰਨ ਤੋਂ ਬਾਅਦ, ਲਾਗੂ ਨਿਯਮਾਂ ਅਤੇ ਸੀਟਾਂ ਦੀ ਉਪਲਬਧਤਾ ਦੇ ਅਧੀਨ, ਸੀਟ ਅਲਾਟਮੈਂਟ ਲਈ ਵਿਚਾਰਿਆ ਜਾਵੇਗਾ।

8. **Conversion of Reserved/NRI Seats into Open Merit:**
After exhausting all eligible candidates of the respective reserved categories and NRI category, the unfilled seats shall be considered for conversion into **Open Merit** in the respective quota, wherever permissible under the applicable Government rules/notifications.

**ਰਾਖਵੀਂ/NRI ਸੀਟਾਂ ਨੂੰ ਓਪਨ ਮੈਰਿਟ ਵਿੱਚ ਤਬਦੀਲ ਕਰਨਾ**:

ਸਬੰਧਤ ਰਾਖਵੀਆਂ ਸ਼੍ਰੇਣੀਆਂ ਅਤੇ NRI ਸ਼੍ਰੇਣੀ ਦੇ ਸਾਰੇ ਯੋਗ ਉਮੀਦਵਾਰਾਂ ਨੂੰ ਸੀਟਾਂ ਅਲਾਟ ਕਰਨ ਤੋਂ ਬਾਅਦ ਬਚੀਆਂ ਹੋਈਆਂ ਖਾਲੀ ਸੀਟਾਂ ਨੂੰ, ਜਿੱਥੇ ਲਾਗੂ ਸਰਕਾਰੀ ਨਿਯਮਾਂ/ਨੋਟੀਫਿਕੇਸ਼ਨਾਂ ਅਨੁਸਾਰ ਮਨਜ਼ੂਰ ਹੋਵੇ, **ਸਬੰਧਤ ਕੋਟੇ ਵਿੱਚ ਓਪਨ ਮੈਰਿਟ** ਵਿੱਚ ਤਬਦੀਲ ਕਰਨ ਲਈ ਵਿਚਾਰਿਆ ਜਾਵੇਗਾ।

9. **Important:**
Candidates are advised to fill their choices/preferences carefully and in the order in which they wish to be considered for allotment. Mere inclusion of a college/category/quota in the preference list shall not confer any right to allotment. Allotment shall be subject to **merit, eligibility, availability of seats and applicable Government/University rules**.

**ਮਹੱਤਵਪੂਰਨ:**

ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀਆਂ ਚੋਣਾਂ/ਤਰਜੀਹਾਂ ਧਿਆਨ ਨਾਲ ਅਤੇ ਉਸ ਕ੍ਰਮ ਵਿੱਚ ਭਰਨ ਜਿਸ ਕ੍ਰਮ ਅਨੁਸਾਰ ਉਹ ਸੀਟ ਅਲਾਟਮੈਂਟ ਲਈ ਵਿਚਾਰਿਆ ਜਾਣਾ ਚਾਹੁੰਦੇ ਹਨ। ਤਰਜੀਹ ਸੂਚੀ ਵਿੱਚ ਕਿਸੇ ਕਾਲਜ/ਸ਼੍ਰੇਣੀ/ਕੋਟੇ ਨੂੰ ਸ਼ਾਮਲ ਕਰਨ ਨਾਲ ਉਮੀਦਵਾਰ ਨੂੰ ਸੀਟ ਅਲਾਟਮੈਂਟ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਹੋਵੇਗਾ। ਸੀਟ ਅਲਾਟਮੈਂਟ **ਮੈਰਿਟ, ਯੋਗਤਾ, ਸੀਟਾਂ ਦੀ ਉਪਲਬਧਤਾ ਅਤੇ ਲਾਗੂ ਸਰਕਾਰੀ/ਯੂਨੀਵਰਸਿਟੀ ਨਿਯਮਾਂ** ਦੇ ਅਨੁਸਾਰ ਹੀ ਕੀਤੀ ਜਾਵੇਗੀ।

In view of the above, approval is solicited to approve and publish the Schedule of the third Round of Online Counselling, the vacancy position of seats, and the counselling instructions for admission to the B.Sc. Nursing Course, Session 2026, on the University's website, so that the admission process may be conducted in a timely and transparent manner in accordance with the Punjab government notification and INC instructions.

**Sd/-**
**Registrar**